Washington State Department of Social & Health Services

*Transforming lives*

# ਨਿਜੀ ਪ੍ਰੋਵਾਈਡਰਾਂ ਲਈ ਓਵਰਟਾਈਮ ਅਤੇ ਕੰਮ ਦੇ ਹਫ਼ਤੇ ਦੀ ਸੀਮਾ ਬਾਰੇ ਫ਼ੌਰੀ ਸੁਝਾਅ

ਕੰਮ ਦਾ ਹਫ਼ਤਾਂ ਹੈ:

- ਐਤਵਾਰ ਤੜਕਸਾਰ 12:00 ਵਜੇ (ਅੱਧੀ ਰਾਤ) ਤੋਂ ਸ਼ਨਿਚਰਵਾਰ ਰਾਤੀਂ 11:59 ਵਜੇ।
- ਕੰਮ ਦੇ ਹਫ਼ਤੇ ਦੇ ਭੁਗਤਾਨ ਦੀਆਂ ਮਿਆਦਾਂ ਵਧ ਸਕਦੀਆਂ ਹਨ।
- ਕੰਮ ਦਾ ਹਫ਼ਤਾ ਮਹੀਨੇ ਪਾਰ ਕਰ ਸਕਦਾ ਹੈ।

| Sunday | Monday | Tuesday | Wednesday | Thursday | Friday | Saturday | |
|---|---|---|---|---|---|---|---|
| 15 | July 16 | 17 | 18 | 19 | 20 | 21 | |
| 6 | 6 | 6 | 6 | 6 | 5 | 5 | = 40 |
| THIS WEEK CROSSES 2 PAY PERIODS | | | | | | | |
| 22 | 23 | 24 | 25 | 26 | 27 | 28 | |
| 5 | 5 | 6 | 6 | 6 | 6 | 6 | = 40 |
| July 29 | 30 | 31 | Aug 1 | 2 | 3 | 4 | |
| 5 | 5 | 6 | 6 | 6 | 6 | 6 | = 40 |
| THIS WEEK CROSSES 2 MONTHS AND 2 PAY PERIODS | | | | | | | |

ਹੇਠਾਂ ਦਿੱਤਿਆਂ ਲਈ ਤੁਹਾਡੇ ਕੰਮ ਦੇ ਹਫ਼ਤੇ ਦੀ ਸੀਮਾ ਨਾਲੋਂ ਵੱਧ ਕੰਮ ਕਰਨ ਲਈ ਤੁਹਾਨੂੰ ਇਕਰਾਰਨਾਮੇ ਸਬੰਧੀ ਕਾਰਵਾਈਆਂ ਨਹੀਂ ਮਿਲਣਗੀਆਂ:

- DSHS ਸਿਖਲਾਈ ਦੀ ਲੋੜ ਪੈਂਦੀ ਹੈ
- ਮੰਜ਼ੂਰਸ਼ੁਦਾ ਸਫ਼ਰ ਦਾ ਸਮਾਂ
- ਪ੍ਰਸ਼ਾਸਨੀ ਸਮਾਂ
- ਭੁਗਤਾਨ ਦੀ ਮਿਆਦ ਖ਼ਤਮ (PTO)

ਮੈਂ ਇਕਰਾਰਨਾਮੇ ਵਾਲੀਆਂ ਕਾਰਵਾਈਆਂ ਨੂੰ ਕਿਵੇਂ ਟਾਲ ਸਕਦਾ/ਸਕਦੀ ਹਾਂ?

- ਕੰਮ ਦਾ ਹਫ਼ਤਾ ਸ਼ੁਰੂ ਹੋਣ ਤੋਂ ਪਹਿਲਾਂ ਹਮੇਸ਼ਾ ਆਪਣੇ ਕੰਮ ਦੀ ਯੋਜਨਾ ਬਣਾਓ ਅਤੇ ਇਸ ਨੂੰ ਲਿਖੋ।
- ਜੇ ਕਲਾਇੰਟ ਦੀ ਲੋੜ ਬਦਲਦੀ ਹੈ ਅਤੇ ਤੁਹਾਨੂੰ ਵੱਖਰੇ ਪ੍ਰੋਗਰਾਮ ਲਈ ਕੰਮ ਕਰਨਾ ਪੈਂਦਾ ਹੈ, ਜਿਸਦਾ ਤੁਹਾਡੇ ਕੰਮ ਦੇ ਹਫ਼ਤੇ ਦੀ ਸੀਮਾ ਤੇ ਅਸਰ ਪੈਂਦਾ ਹੈ, ਤਾਂ ਫ਼ੌਰਨ ਕਲਾਇੰਟ ਦੇ ਕੇਸ ਮੈਨੇਜਰ ਨਾਲ ਸੰਪਰਕ ਕਰੋ।
- ਰੋਜ਼ ਆਪਣੇ ਕੰਮ ਤੋਂ ਬਾਅਦ, ਆਪਣੀ ਸਮੇਂ ਵਾਲੀ ਸ਼ੀਟ ਤੇ ਆਪਣੇ ਕੰਮ ਦਾ ਸਮਾਂ ਦਰਜ ਕਰੋ, ਇਸ ਨੂੰ ਕਾਗਜ਼ੀ ਕੈਲੰਡਰ ਤੇ ਦਰਜ ਕਰਨ ਨਾਲ ਵੀ ਮਦਦ ਮਿਲ ਸਕਦੀ ਹੈ। ਯਕੀਨੀ ਬਣਾਉਣ ਲਈ ਅਕਸਰ ਜਾਂਚ ਕਰੋ ਕਿ ਤੁਸੀਂ ਆਪਣੇ ਕੰਮ ਦੇ ਹਫ਼ਤੇ ਦੀ ਸੀਮਾ ਦੇ ਅੰਦਰ ਹੀ ਹੋ।
- ਆਪਣੇ ਕੰਮ ਦੇ ਹਫ਼ਤੇ ਦੀ ਸੀਮਾ ਅੰਦਰ ਬਣੇ ਰਹਿਣ ਲਈ ਆਪਣੇ ਪ੍ਰੋਗਰਾਮ ਦਾ ਪ੍ਰਬੰਧ ਕਰਨ ਬਾਰੇ ਹੋਰ ਜਾਣਨ ਲਈ DSHS ਕੋਲ ਤੁਹਾਡੀ ਅਤੇ ਤੁਹਾਡੇ ਨੌਕਰੀਦਾਤਾ/ਕਲਾਇੰਟ ਦੀ ਮਦਦ ਕਰਨ ਲਈ ਸ੍ਰੋਤ ਉਪਲਬਧ ਹਨ। ਇਹ ਸ੍ਰੋਤ https://www.dshs.wa.gov/altsa/IPOT ਤੇ ਉਪਲਬਧ ਹਨ।

ਮੇਰੇ ਇਕਰਾਰਨਾਮੇ ਦੀ ਫ਼ਾਈਲ ਵਿਚ ਇਕਰਾਰਨਾਮੇ ਸਬੰਧੀ ਕਾਰਵਾਈਆਂ ਕਿੰਨੇ ਸਮੇਂ ਤੱਕ ਰਹਿਣਗੀਆਂ?

- ਇਕਰਾਰਨਾਮੇ ਸਬੰਧੀ ਕਾਰਵਾਈ ਦੇ ਨੋਟਿਸ ਦੇ ਸਭ ਤੋਂ ਉੱਪਰ ਦਿੱਤੀ ਤਾਰੀਖ਼ ਤੋਂ ਇਕਰਾਰਨਾਮੇ ਸਬੰਧੀ ਹਰ ਕਾਰਵਾਈ ਤੁਹਾਡੀ ਫ਼ਾਈਲ ਵਿਚ 12 ਮਹੀਨਿਆਂ ਤੱਕ ਰਹਿੰਦੀ ਹੈ। 12 ਮਹੀਨਿਆਂ ਤੋਂ ਬਾਅਦ ਇਕਰਾਰਨਾਮੇ ਸਬੰਧੀ ਕਾਰਵਾਈ ਬੰਦ ਹੋ ਜਾਂਦੀ ਹੈ।

ਇਕਰਾਰਨਾਮੇ ਸਬੰਧੀ ਕਾਰਵਾਈ ਵਿਚ ਨਿਰਧਾਰਤ ਕੀਤਾ ਗਿਆ ਮਹੀਨਾ ਜਾਂ ਪ੍ਰਾਪਤ ਚਿੱਠੀ ਭੁਗਤਾਨ ਦਾ ਮਹੀਨਾ ਹੈ:

- ਜੇ ਚਿੱਠੀ ਵਿਚ "ਅਪ੍ਰੈਲ ਦੇ ਮਹੀਨੇ ਵਿਚ ਭੁਗਤਾਨ ਕੀਤੇ ਗਏ ਘੰਟਿਆਂ ਲਈ" ਦਿੱਤਾ ਗਿਆ ਹੈ, ਤਾਂ ਕੀਤੇ ਗਏ ਕੰਮ ਦੇ ਘੰਟਿਆਂ ਵਿਚ ਮਹੀਨਾ ਪਹਿਲਾਂ (ਮਾਰਚ) ਕੀਤੇ ਗਏ ਕੰਮ ਦੇ ਘੰਟੇ ਸ਼ਾਮਿਲ ਹੋ ਸਕਦੇ ਹਨ।
- ਜੇ ਉਸ ਮਹੀਨੇ, ਜਿਸ ਵਿਚ ਤੁਸੀਂ ਵਾਧੂ ਦਾਅਵਾ ਕੀਤਾ ਹੈ, ਬਾਰੇ ਤੁਹਾਡੇ ਸੁਆਲ ਹਨ, ਤਾਂ ਕਿਰਪਾ ਕਰਕੇ ਕੇਸ ਮੈਨੇਜਰ ਨਾਲ ਸੰਪਰਕ ਕਰੋ।